

# ਸੋਨਾ ਸਿਆਣੀ

ਪ੍ਰੀ-ਪ੍ਰਾਇਮਰੀ-2 ਲਈ

ਸਕੂਲ ਸਿੱਖਿਆ ਵਿਭਾਗ, ਪੰਜਾਬ



# ਸੋਨਾ ਸਿਆਣੀ


ਲੇਖਕ
ਵਿਨੀਤਾ ਕ੍ਰਿਸ਼ਨਾ
ਚਿੱਤਰਕਾਰ
ਸੁਵਿਧਾ ਮਿਸਤਰੀ
ਪਵਨਦੀਪ ਕੌਰ

ਪਾਪਾ ਸੋਨਾ ਲਈ ਲੱਕੜ ਦੀ ਗੱਡੀ ਬਣਾਉਣ ਲੱਗੇ।

"ਪਾਪਾ, ਮੈਂ ਵੀ ਬਣਾਵਾਂਗੀ", ਸੋਨਾ ਨੇ ਕਿਹਾ।



ਪਾਪਾ ਆਰੀ ਚਲਾਉਣ ਲੱਗੇ।

"ਮੈਂ ਵੀ ਚਲਾਵਾਂਗੀ", ਸੋਨਾ ਨੇ ਹੱਥ ਅੱਗੇ ਕੀਤਾ।

"ਹਾਂ-ਹਾਂ, ਪਹਿਲਾਂ ਧਿਆਨ ਨਾਲ਼ ਦੇਖੋ", ਪਾਪਾ ਕਹਿਣ ਲੱਗੇ।





ਪਾਪਾ ਨੇ ਪਹੀਏ ਲਗਾਉਣੇ ਸ਼ੁਰੂ ਕੀਤੇ।

“ਮੈਂ ਵੀ ਕਿੱਲ ਠੋਕਾਂਗੀ”, ਸੋਨਾ ਨੇ ਹਥੌੜੀ ਚੁੱਕੀ।

“ਹਾਂ-ਹਾਂ ਜ਼ਰੂਰ, ਪਹਿਲਾਂ ਧਿਆਨ ਨਾਲ਼ ਦੇਖੋ”, ਪਾਪਾ ਨੇ ਸਮਝਾਇਆ।

ਗੱਡੀ ਤਿਆਰ ਹੋ ਗਈ। ਪਾਪਾ ਧਾਗਾ ਲਗਾਉਣ ਲੱਗੇ।

"ਪਰ ਮੈਂ ਪੈਨਸਿਲ ਕਿੱਥੇ ਰੱਖ ਦਿੱਤੀ?" ਪਾਪਾ ਲੱਭਣ ਲੱਗੇ।

ਪਾਪਾ ਪ੍ਰੇਸ਼ਾਨ ਸਨ। ਸੋਨਾ ਹੱਸਣ ਲੱਗੀ, "ਮੈਂ ਲੱਭਦੀ ਹਾਂ।"



ਸੋਨਾ ਨੇ ਪਾਪਾ ਦੀ ਪੱਗ ਵਿੱਚੋਂ ਪੈਨਸਿਲ ਕੱਢੀ।



"ਮੈਂ ਤੁਹਾਨੂੰ ਬਹੁਤ ਧਿਆਨ ਨਾਲ਼ ਦੇਖ ਰਹੀ ਸੀ।" ਸੋਨਾ ਨੇ ਕਿਹਾ।



"ਸੱਚਮੁੱਚ ਸੋਨਾ! ਤੁਸੀਂ ਮੇਰੀ ਬਹੁਤ ਮਦਦ ਕੀਤੀ",

ਪਾਪਾ ਨੇ ਸੋਨਾ ਨੂੰ ਪਿਆਰ ਨਾਲ ਕਿਹਾ।



# ਆਓ ਪੜ੍ਹੀਏ, ਸੋਨਾ ਨੇ ਆਪਣੇ ਪਾਪਾ ਦੀ ਮਦਦ ਕਿਵੇਂ ਕੀਤੀ।

**PRATHAM BOOKS**

**A Book in Every Child's Hand**

Pratham Books is a not-for-profit organization that publishes books in multiple Indian languages to promote reading among children.

PRATHAM BOOKS storyweaver

StoryWeaver is a digital repository of multilingual stories for children from Pratham Books. Now, every child can have access to an endless stream of stories in her mother tongue to read and enjoy.

**PRATHAM**

Pratham is an innovative learning organization created to improve the quality of education in India.

ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐਸ.ਏ.ਐਸ ਨਗਰ, ਮੁਹਾਲੀ